ਗੁਰਦਾਸਪੁਰ ਬਟਾਲਾ
ਅਜੀਤ, ਜਲੰਧਰ
ਅਜੀਤ
ਸੋਮਵਾਰ, 20 ਅਕਤੂਬਰ 2025



# ਦੀਪ ਉਤਸਵ ’ਤੇ ਲੱਗੀਆਂ ਰੌਣਕਾਂ

## 11 ਹਜ਼ਾਰ ਦੀਵਿਆਂ ਨਾਲ ਜਗਮਗ ਹੋਇਆ ਹਨੂਮਾਨ ਚੌਕ

ਗੁਰਦਾਸਪੁਰ, 19 ਅਕਤੂਬਰ (ਪੰਕਜ ਸ਼ਰਮਾ)-ਸ੍ਰੀ ਸਨਾਤਨ ਚੇਤਨਾ ਮੰਚ ਵਲੋਂ ਮਨਾਏ ਗਏ ਦੀਪ ਉਤਸਵ ਦੌਰਾਨ ਸ਼ਹਿਰ ਦੇ ਹਨੂਮਾਨ ਚੌਕ ’ਚ ਖ਼ੂਬ ਰੌਣਕਾਂ ਲੱਗੀਆਂ ਤੇ ਲੋਕਾਂ ’ਚ ਸ੍ਰੀ ਰਾਮ ਦੇ ਚਰਨਾਂ ’ਚ ਦੀਵਾ ਜਗਾਉਣ ਦੀ ਹੋੜ ਲੱਗੀ ਰਹੀ। ਸਮਾਗਮ ਦੀ ਸਫ਼ਲਤਾ ਨੂੰ ਲੈ ਕੇ ਸ੍ਰੀ ਸਨਾਤਨ ਚੇਤਨਾ ਮੰਚ ਦੇ ਅਹੁਦੇਦਾਰ ਵੀ ਭਰਪੂਰ ਉਤਸ਼ਾਹਿਤ ਦਿਖਾਈ ਦੇ ਰਹੇ ਹਨ। ਧੰਨਤੇਰਸ ਮੌਕੇ ਪਿਛਲੇ 4 ਸਾਲਾਂ ਤੋਂ ਸ੍ਰੀ ਸਨਾਤਨ ਚੇਤਨਾ ਮੰਚ ਅਜਿਹਾ ਪ੍ਰੋਗਰਾਮ ਕਰਵਾ ਰਿਹਾ ਹੈ, ਤਾਂ ਜੋ ਲੋਕ ਆਪਣੀ ਸੰਸਕ੍ਰਿਤੀ ਨਾਲ ਜੁੜੇ ਰਹਿਣ। ਸਮਾਗਮ ’ਚ ਧਿਆਨਪੁਰ ਧਾਮ ਦੇ ਮਹੰਤ ਮੁੱਖ ਮਹਿਮਾਨ ਦੇ ਤੌਰ ’ਤੇ ਹਾਜ਼ਰ ਹੋਏ। ਜਦ ਕਿ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਰਮਨ ਬਹਿਲ ਨੇ ਵਿਸ਼ੇਸ਼ ਮਹਿਮਾਨ ਦੇ ਤੌਰ ’ਤੇ ਸ਼ਿਰਕਤ ਕੀਤੀ। ਸ਼ਹਿਰ ਵਾਸੀਆਂ ਵਲੋਂ ਇਸ ਮੌਕੇ ਹਨੂਮਾਨ ਚੌਕ ਨੂੰ 11 ਹਜ਼ਾਰ ਦੀਵੇ ਜਗਾ ਕੇ ਜਗਮਗ ਕੀਤਾ ਗਿਆ ਸੀ। ਇਸ ਦੌਰਾਨ ਸਨਾਤਨ ਚੇਤਨਾ ਮੰਚ ਵਲੋਂ ਹਨੂਮਾਨ ਚੌਕ ’ਚ ਵੱਡੀ ਸਟੇਜ ’ਚ ਸਜਾਈ ਗਈ ਸੀ। ਜਿਸ ’ਤੇ ਛੋਟੇ-ਛੋਟੇ ਬੱਚਿਆਂ ਨੇ ਬੇਹੱਦ ਖ਼ੂਬਸੂਰਤ ਧਾਰਮਿਕ ਪੇਸ਼ਕਾਰੀਆਂ ਦਿੱਤੀਆਂ ਤੇ ਸ਼ਹਿਰ ਦੀਆਂ ਉੱਘੀਆਂ ਧਾਰਮਿਕ ਸ਼ਖ਼ਸੀਅਤਾਂ ਨੇ ਸ੍ਰੀ ਰਾਮ ਤੇ ਆਪਣੇ ਤਿਉਹਾਰਾਂ ਬਾਰੇ ਆਪਣੇ-ਆਪਣੇ ਵਿਚਾਰ ਵੀ ਪ੍ਰਗਟ ਕੀਤੇ। ਸ੍ਰੀ ਸਨਾਤਨ ਚੇਤਨਾ ਮੰਚ ਵਲੋਂ ਇਨ੍ਹਾਂ ਧਾਰਮਿਕ ਤੇ ਸਮਾਜਿਕ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਮੰਚ ਦੇ ਪ੍ਰਧਾਨ ਅਨੂ ਗੰਡੋਤਰਾ ਨੇ ਕਿਹਾ ਕਿ ਅਜਿਹੇ ਧਾਰਮਿਕ ਆਯੋਜਨ ਲਗਾਤਾਰ ਕਰਵਾਏ ਜਾਣਗੇ ਤਾਂ ਜੋ ਲੋਕ ਖ਼ਾਸ ਕਰ ਆਉਣ ਵਾਲੀ ਪੀੜ੍ਹੀ ਤੇ ਬੱਚੇ ਆਪਣੇ ਧਾਰਮਿਕ ਵਿਰਸੇ ਨਾਲ ਜੁੜੇ ਰਹੇ ਹਨ। ਉੱਥੇ ਹੀ ਵਿਸ਼ੇਸ਼ ਮਹਿਮਾਨ ਰਮਨ ਬਹਿਲ ਨੇ ਮੰਚ ਦੇ ਅਜਿਹਾ ਉਪਰਾਲਿਆਂ ਕਾਰਨ ਉਨ੍ਹਾਂ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਗੋਲਡਨ ਇੰਸਟੀਚਿਊਟ ਦੇ ਮੈਨੇਜਿੰਗ ਡਾਇਰੈਕਟਰ ਮੋਹਿਤ ਮਹਾਜਨ, ਸ਼ਹਿਰ ਦੇ ਪ੍ਰਮੁੱਖ ਜੋਤਸ਼ੀ ਪੰਡਿਤ ਵਿਜੇ ਸ਼ਰਮਾ ਤੋਂ ਇਲਾਵਾ ਸ੍ਰੀ ਸਨਾਤਨ ਚੇਤਨਾ ਮੰਚ ਦੇ ਅਹੁਦੇਦਾਰ ਜੁਗਲ ਕਿਸ਼ੋਰ, ਸੁਰਿੰਦਰ ਮਹਾਜਨ, ਪ੍ਰਬੋਧ ਗਰੋਵਰ, ਵਿਸ਼ਾਲ ਅਗਰਵਾਲ, ਵਿਸ਼ਾਲ ਸ਼ਰਮਾ, ਅਨਮੋਲ ਸ਼ਰਮਾ, ਓਮ ਪ੍ਰਕਾਸ਼ ਸ਼ਰਮਾ, ਭਰਤ ਗਾਬਾ, ਮੋਹਿਤ ਅਗਰਵਾਲ, ਸੁਭਾਸ਼ ਭੰਡਾਰੀ, ਵਿਕਾਸ ਮਹਾਜਨ, ਮੋਹਿਤ ਮਹਾਜਨ, ਰਾਕੇਸ਼ ਕੁਮਾਰ, ਤ੍ਰਿਭੁਵਨ ਮਹਾਜਨ, ਨਿਖਿਲ ਮਹਾਜਨ, ਅਭੈ ਮਹਾਜਨ, ਅਸ਼ਵਨੀ ਮਹਾਜਨ, ਅਸ਼ਵਨੀ ਮਹਾਜਨ, ਅਸ਼ਵਨੀ ਮਹਾਜਨ ਸਾਹੋਵਾਲੀਆ, ਮਨੂ ਅਗਰਵਾਲ, ਰਿੰਕੂ ਮਹਾਜਨ, ਮਮਤਾ ਗੋਇਲ, ਆਸ਼ਾ ਬਮੋਤਰਾ, ਪਰਮਜੀਤ ਕੌਰ ਹਾਜ਼ਰ ਸਨ।



ਸਮਾਗਮ ਦੌਰਾਨ ਮੁੱਖ ਮਹਿਮਾਨ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ। ਤਸਵੀਰਾਂ: ਵਿਸ਼ਾਲ ਮੁੰਨਾ



ਚਿਤਰਾਰਥ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਉਸ ਦੇ ਮਾਤਾ ਪਿਤਾ, ਨਗਰ ਕੌਂਸਲ ਪ੍ਰਧਾਨ ਰਾਧਾਵਾਲੀ ਸੁਰਿੰਦਰ ਸ਼ਰਮਾ ਤੇ ਪਰਿਵਾਰਕ ਮੈਂਬਰ। ਤਸਵੀਰ: ਜਗਦੀਪ ਸਿੰਘ

# ਸੁਜਾਨਪੁਰ ਦੇ ਚਿਤਰਾਰਥ ਵੀਰ ਸਿੰਘ ਨੇ ਐਨ.ਡੀ.ਏ. ’ਚ 161ਵਾਂ ਰੈਂਕ ਹਾਸਿਲ ਕਰਕੇ ਕੀਤਾ ਸੁਜਾਨਪੁਰ ਦਾ ਨਾਂਅ ਰੌਸ਼ਨ

ਸੁਜਾਨਪੁਰ, 19 ਅਕਤੂਬਰ (ਜਗਦੀਪ ਸਿੰਘ)-ਸੁਜਾਨਪੁਰ ਦੇ ਰਹਿਣ ਵਾਲੇ ਚਿਤਰਾਰਥ ਵੀਰ ਸਿੰਘ ਨੇ ਐਨ.ਡੀ.ਏ. ’ਚ 161ਵਾਂ ਰੈਂਕ ਲੈ ਕੇ ਸੁਜਾਨਪੁਰ ਦਾ ਨਾਂਅ ਦੇਸ਼ ਭਰ ਵਿਚ ਰੌਸ਼ਨ ਕੀਤਾ। ਅੱਜ ਚਿਤਰਾਰਥਵੀਰ ਸਿੰਘ ਦੇ ਪਿਤਾ ਪਵਨ ਸਿੰਘ ਮਾਤਾ ਰਜਨੀ ਦੇਵੀ ਨਗਰ ਕੌਂਸਲ ਪ੍ਰਧਾਨ ਅਨੁਰਾਧਾ ਬਾਲੀ ਕੌਂਸਲਰ ਸਰੋਜ ਬਾਲਾ ਤੇ ਸੁਰਿੰਦਰ ਸ਼ਰਮਾ ਵਲੋਂ ਉਸ ਦਾ ਮੂੰਹ ਮਿੱਠਾ ਕਰਵਾ ਕੇ ਵਧਾਈ ਦਿੱਤੀ ਗਈ। ਚਿਤਰਾਰਥਵੀਰ ਸਿੰਘ ਨੇ ਦੱਸਿਆ ਕਿ ਉਸ ਦੇ ਦਾਦਾ ਭਾਰਤੀ ਸੈਨਾ ਦੇ ਜਵਾਨ ਸਨ ਤੇ ਦੇਸ਼ ਲਈ ਤਿੰਨ ਯੁੱਧ ਲੜ ਚੁੱਕੇ ਹਨ ਜਿਨ੍ਹਾਂ ਤੋਂ ਪ੍ਰੇਰਨਾ ਲੈ ਕੇ ਉਹ ਸੈਨਾ ਵਿਚ ਭਰਤੀ ਹੋਇਆ ਤੇ ਉਸ ਨੇ ਐਨ.ਡੀ.ਏ. ਦਾ ਟੈਸਟ ਪਾਸ ਕੀਤਾ। ਉਸ ਨੇ ਦੱਸਿਆ ਕਿ ਉਸ ਨੇ ਆਪਣੀ 12ਵੀਂ ਤੱਕ ਦੀ ਪੜ੍ਹਾਈ ਆਰਮੀ ਪਬਲਿਕ ਸਕੂਲ ਤੋਂ ਹਾਸਲ ਕੀਤੀ ਹੈ। ਉਸ ਦੀ ਮਿਹਨਤ ਨਿਰੰਤਰ ਅਭਿਆਸ ਪਰਿਵਾਰ ਤੇ ਅਧਿਆਪਕਾਂ ਦੇ ਸਹਿਯੋਗ ਨਾਲ ਉਸ ਨੇ ਇਹ ਪੁਜ਼ੀਸ਼ਨ ਹਾਸਲ ਕੀਤੀ ਹੈ। ਜਿਸ ਲਈ ਉਹ ਸਾਰਿਆਂ ਦਾ ਧੰਨਵਾਦ ਕਰਦੇ ਹਾਂ। ਇਸ ਮੌਕੇ ਲਾਲੀ ਵਰਮਾ, ਰਜਨੀ ਬਾਲਾ, ਰਾਜੂ ਕੁਮਾਰ, ਗੀਮਾ ਦੇਵੀ, ਪੁਸ਼ਪਾ ਦੇਵੀ, ਐਡਵੋਕੇਟ ਦੀਪਕ ਜੋਸ਼ੀ, ਦਾਨਿਸ਼ਵਾਸਕਰ, ਮੋਹਿਤ ਸ਼ਰਮਾ, ਵਿਸ਼ਾਲ ਮਿਨਹਾਸ ਆਦਿ ਹਾਜ਼ਰ ਸਨ।



ਭੁੱਖ ਹੜਤਾਲ ਉੱਪਰ ਬੈਠੇ ਡੈਮ ਔਸਤੀ। ਤਸਵੀਰ: ਰਣਜੀਤ ਸਿੰਘ

# ਸ਼ਾਹਪੁਰ ਕੰਢੀ ਡੈਮ ਔਸਤੀਆਂ ਦੀ ਭੁੱਖ ਹੜਤਾਲ 202ਵੇਂ ਦਿਨ ’ਚ ਦਾਖ਼ਲ

ਸ਼ਾਹਪੁਰ ਕੰਢੀ, 19 ਅਕਤੂਬਰ (ਰਣਜੀਤ ਸਿੰਘ)-ਸ਼ਾਹਪੁਰ ਕੰਢੀ ਡੈਮ ਸੰਘਰਸ਼ ਕਮੇਟੀ ਵਲੋਂ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਪ੍ਰਧਾਨ ਜਸਵੰਤ ਸਿੰਘ ਸੰਧੂ ਦੀ ਅਗਵਾਈ ਹੇਠ ਰਣਜੀਤ ਸਾਗਰ ਡੈਮ ਦੇ ਮੁੱਖ ਇੰਜੀਨੀਅਰ ਦਫ਼ਤਰ ਸਾਹਮਣੇ ਸ਼ੁਰੂ ਕੀਤੀ ਲੜੀਵਾਰ ਭੁੱਖ ਹੜਤਾਲ 202ਵੇਂ ਦਿਨ ’ਚ ਦਾਖ਼ਲ ਹੋ ਗਈ। ਅੱਜ ਭੁੱਖ ਹੜਤਾਲ ਉਪਰ ਬੈਠਣ ਵਾਲਿਆਂ ’ਚ ਪਵਨ ਕੁਮਾਰ ਪੁੱਤਰ ਰਤਨ ਚੰਦ, ਮੁਰੀਦ ਪੁੱਤਰ ਹੁਸੈਨ, ਅਵਦੇਸ਼ ਸ਼ਰਮਾ ਪੁੱਤਰ ਚੰਦਰ ਹੰਸ, ਰਾਮ ਮਿਰਜ਼ਾ ਪੁੱਤਰ ਰਾਮ ਸਵਾਮੀ ਅਤੇ ਮਰਜੂ ਪੁੱਤਰ ਗੋਰਖੂ ਸ਼ਾਮਿਲ ਸਨ। ਡੈਮ ਔਸਤੀਆਂ ਨੇ ਪੰਜਾਬ ਸਰਕਾਰ ਤੇ ਡੈਮ ਪ੍ਰਸ਼ਾਸਲ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਰੁਜ਼ਗਾਰ ਦੀ ਮੰਗ ਕੀਤੀ। ਆਗੂਆਂ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਦੀਆਂ ਜ਼ਮੀਨਾਂ, ਘਰ ਤੇ ਦੁਕਾਨਾਂ ਸ਼ਾਹਪੁਰ ਕੰਢੀ ਡੈਮ ਦੀ ਝੀਲ ਦੇ ਨਿਰਮਾਣ ਲਈ ਐਕਵਾਇਰ ਕੀਤੀਆਂ ਹਨ, ਉਨ੍ਹਾਂ ਪ੍ਰਭਾਵਿਤ ਪਰਿਵਾਰਾਂ ਨੂੰ ਆਰ.ਐਂਡ.ਆਰ. ਪਾਲਸੀ ਤਹਿਤ ਨੌਕਰੀ ਦਿੱਤੀ ਜਾਵੇ।

# ਬਰਸੀ ਨੂੰ ਸਮਰਪਿਤ ਵਾਲੀਬਾਲ ਟੂਰਨਾਮੈਂਟ 21 ਨੂੰ

ਵਡਾਲਾ ਗ੍ਰੰਥੀਆਂ, 19 ਅਕਤੂਬਰ (ਗੁਰਪ੍ਰਤਾਪ ਸਿੰਘ ਕਾਹਲੋਂ)- ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਅਤੇ ਬਾਬਾ ਅਨੰਤ ਰਾਮ ਡੰਡੇ ਵਾਲਿਆਂ ਦੀ 53ਵੀਂ ਬਰਸੀ ਦੇ ਸਬੰਧ ਵਿਚ ਸ੍ਰੀ ਗੁਰੂ ਰਾਮਦਾਸ ਸਪੋਰਟਸ ਐਂਡ ਵੈੱਲਫ਼ੇਅਰ ਕਲੱਬ ਭਾਗੀਆਂ ਵਲੋਂ 21 ਅਕਤੂਬਰ ਨੂੰ ਗੁਰਦੁਆਰਾ ਸਾਹਿਬ ਭਾਗੀਆਂ ਵਿਖੇ ਐੱਨ.ਆਰ.ਆਈ. ਭਰਾਵਾਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਵਾਲੀਬਾਲ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਦੇ ਪ੍ਰਬੰਧਕ ਕਲੱਬ ਪ੍ਰਧਾਨ ਜੁਗਰਾਜ ਸਿੰਘ, ਸਰਪੰਚ ਜਸਵੰਤ ਸਿੰਘ, ਮੈਂਬਰ ਪੰਚਾਇਤ ਕੁਲਦੀਪ ਸਿੰਘ ਅਤੇ ਮੀਤ ਪ੍ਰਧਾਨ ਸਰਵਣ ਸਿੰਘ, ਹਰਪ੍ਰੀਤ ਸਿੰਘ, ਜਗਮੋਹਨ ਸਿੰਘ, ਸੁਖਵਿੰਦਰ ਸਿੰਘ, ਹਰਪਾਲ ਸਿੰਘ, ਕਵਲਜੀਤ ਸਿੰਘ, ਹਰਮਨਦੀਪ ਸਿੰਘ, ਜਸ਼ਨਪ੍ਰੀਤ ਸਿੰਘ, ਮਲਕੀਤ ਸਿੰਘ, ਜਗਰਾਜ ਸਿੰਘ, ਮੁਖਤਾਰ ਸਿੰਘ, ਗੁਰਪ੍ਰੀਤ ਸਿੰਘ, ਅਮ੍ਰਿਤਪਾਲ ਸਿੰਘ, ਗੁਰਬਾਜ ਸਿੰਘ, ਸੁਖਪ੍ਰੀਤ ਸਿੰਘ, ਕਰਨਦੀਪ ਸਿੰਘ, ਜਸਵੰਤ ਸਿੰਘ, ਮਹਕਦੀਪ ਸਿੰਘ ਅਤੇ ਉਂਕਾਰ ਸਿੰਘ ਆਦਿ ਨੇ ਕਿਹਾ ਕਿ ਟੂਰਨਾਮੈਂਟ ਸੰਬੰਧੀ ਖਿਡਾਰੀਆਂ ਤੇ ਸੰਗਤਾਂ ਵਿਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ, ਜਿਸ ਦੀਆਂ ਤਿਆਰੀਆਂ ਜ਼ੋਰਾਂ ’ਤੇ ਜਾਰੀ ਹਨ।



ਪਿੰਡ ਪੱਖੋਚੱਕ ਵਿਖੇ ਲਗਾਏ ਮੈਡੀਕਲ ਕੈਂਪ ਦਾ ਦ੍ਰਿਸ਼। ਤਸਵੀਰ: ਸੋਹਨ ਲਾਲ

# ਚੌਹਾਨ ਮੈਡੀਸਿਟੀ ਟੀਮ ਵਲੋਂ ਪਿੰਡ ਪੱਖੋਚੱਕ ’ਚ ਅੱਖਾਂ ਦਾ ਮੁਫ਼ਤ ਮੈਡੀਕਲ ਕੈਂਪ

ਤਾਰਾਗੜ੍ਹ, 19 ਅਕਤੂਬਰ (ਸੋਹਨ ਲਾਲ)-ਤਾਰਾਗੜ੍ਹ ਦੇ ਨਜ਼ਦੀਕ ਪੈਂਦੇ ਪਿੰਡ ਪੱਖੋਚੱਕ ਵਿਚ ਸਰਪੰਚ ਨਰੇਸ਼ ਕੁਮਾਰ ਨਿੱਕਾ ਦੇ ਸਹਿਯੋਗ ਨਾਲ ਪਿੰਡ ’ਚ ਇਕ ਅੱਖਾਂ ਦਾ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਚੌਹਾਨ ਮੈਡੀਸਿਟੀ ਟੀਮ ਨੇ ਪਿੰਡ ਪੱਖੋਚੱਕ ਦੇ 135 ਮਰੀਜ਼ਾਂ ਦੀਆਂ ਅੱਖਾਂ ਦੇਖੀਆਂ ਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ। ਇਸ ਮੌਕੇ ਚੌਹਾਨ ਮੈਡੀਸਿਟੀ ਟੀਮ ਦੇ ਜਿਨ੍ਹਾਂ ਲੋਕਾਂ ਦੇ ਅੱਖਾਂ ਵਿਚ ਮੋਤੀਆ ਸੀ, ਉਨ੍ਹਾਂ ਨੂੰ 23 ਅਕਤੂਬਰ ਨੂੰ ਚੌਹਾਨ ਮੈਡੀਸਿਟੀ ਹਸਪਤਾਲ ਕੋਟਲੀ ਵਿਖੇ ਆ ਕੇ ਆਪਣੀਆਂ ਅੱਖਾਂ ਦੇ ਮੁਫ਼ਤ ਅਪ੍ਰੇਸ਼ਨ ਕਰਵਾ ਸਕਦੇ ਹਨ। ਇਸ ਮੌਕੇ ਸਰਪੰਚ ਨਰੇਸ਼ ਕੁਮਾਰ ਨਿੱਕਾ, ਅਸ਼ਵਨੀ ਕੁਮਾਰ, ਪੰਚ ਰੇਖਾ, ਪੰਚਾਇਤ ਮੈਂਬਰ ਪ੍ਰਵੀਨ ਕੁਮਾਰੀ, ਪੰਚਾਇਤ ਮੈਂਬਰ ਤ੍ਰਿਪਤਾ ਦੇਵੀ, ਅੰਜੂ ਬਾਲਾ, ਅਮਨ ਸੈਣੀ ਆਦਿ ਹਾਜ਼ਰ ਸਨ।



ਲੱਖੋਰਾਹ ਵਿਖੇ ਸਾਲਾਨਾ ਸਮਾਗਮਾਂ ਦੀ ਜਾਣਕਾਰੀ ਦਿੰਦੇ ਹੋਏ ਬਾਬਾ ਕੁਲਵੰਤ ਸਿੰਘ ਤੇ ਹੋਰ। ਤਸਵੀਰ : ਗੁਰਪ੍ਰਤਾਪ ਸਿੰਘ ਕਾਹਲੋਂ

# ਲੱਖੋਰਾਹ ਵਿਖੇ ਸਾਲਾਨਾ ਗੁਰਮਤਿ ਸਮਾਗਮ 20 ਤੇ 21 ਨੂੰ-ਤਿਆਰੀਆਂ ਮੁਕੰਮਲ

ਵਡਾਲਾ ਗ੍ਰੰਥੀਆਂ, 19 ਅਕਤੂਬਰ (ਗੁਰਪ੍ਰਤਾਪ ਸਿੰਘ ਕਾਹਲੋਂ)-ਨਜ਼ਦੀਕੀ ਗੁਰਦੁਆਰਾ ਤਪ ਅਸਥਾਨ ਲੱਖੋਰਾਹ ਵਿਖੇ ਸੰਤ ਬਾਬਾ ਹਜ਼ਾਰਾ ਸਿੰਘ ਜੀ ਨਿੱਕੇ ਘੁੰਮਣਾ ਵਾਲਿਆਂ, ਸੰਤ ਬਾਪੂ ਸੰਪੂਰਨ ਸਿੰਘ ਜੀ ਮਲਕਪੁਰ ਵਾਲਿਆਂ ਅਤੇ ਗਿਆਨੀ ਬਲਕਾਰ ਸਿੰਘ ਲੱਖੋਰਾਹ ਵਾਲਿਆਂ ਦੀ ਮਿੱਠੀ ਯਾਦ ਵਿਚ ਸਾਲਾਨਾ ਗੁਰਮਤਿ ਸਮਾਗਮ ਬੜੀ ਸ਼ਰਧਾ ਤੇ ਭਾਵਨਾ ਨਾਲ ਕਰਵਾਏ ਜਾ ਰਹੇ ਹਨ। ਇਸ ਸਬੰਧੀ ਮੁੱਖ ਪ੍ਰਬੰਧਕ ਸੰਤ ਬਾਬਾ ਕੁਲਵੰਤ ਸਿੰਘ ਅਤੇ ਮੋਹਨਪ੍ਰੀਤ ਸਿੰਘ ਗੁਰਾਇਆ ਨੇ ਦੱਸਿਆ ਕਿ ਸਮਾਗਮ 20 ਅਕਤੂਬਰ ਨੂੰ ਸ਼ਾਮ 5 ਵਜੇ ਤੋਂ ਰਾਤ 8 ਵਜੇ ਤੱਕ ਅਤੇ 21 ਅਕਤੂਬਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 3 ਵਜੇ ਤੱਕ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਮਾਗਮਾਂ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਸਿੰਘ ਸਾਹਿਬ ਜਥੇਦਾਰ ਬਲਵਿੰਦਰ ਸਿੰਘ, ਬਾਬਾ ਬੁੱਧ ਸਿੰਘ ਨਿੱਕੇ ਘੁੰਮਣਾ ਵਾਲੇ ਸਮੇਤ ਕਈ ਪ੍ਰਸਿੱਧ ਸੰਤ ਮਹਾਂਪੁਰਖ ਵਿਸ਼ੇਸ਼ ਤੌਰ ’ਤੇ ਸ਼ਮੂਲੀਅਤ ਕਰਨਗੇ। ਇਸ ਧਾਰਮਿਕ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਬਿਕਰਮਜੀਤ ਸਿੰਘ, ਰਾਗੀ ਭਾਈ ਸਤਿੰਦਰ ਸਿੰਘ ਬਟਾਲੇ ਵਾਲੇ, ਰਾਗੀ ਭਾਈ ਪਰਮਪ੍ਰੀਤ ਸਿੰਘ ਖਾਲਸਾ, ਕਵੀਸ਼ਰ ਭਾਈ ਮੱਖਣ ਸਿੰਘ ਦਸ਼ਮੇਸ਼ ਨਗਰੀਆ, ਢਾਡੀ ਜਥਾ ਭਾਈ ਸਰੂਪ ਸਿੰਘ ਕੰਡਿਆਣਾ ਅਤੇ ਮਾਝੇ ਵਾਲੀਆਂ ਬੀਬੀਆਂ ਦਾ ਢਾਡੀ ਜਥਾ ਗੁਰਬਾਣੀ ਕੀਰਤਨ ਅਤੇ ਕਵੀਸ਼ਰੀ ਜ਼ਰੀਏ ਸੰਗਤਾਂ ਨੂੰ ਗੁਰੂ ਜਸ ਨਾਲ ਨਿਹਾਲ ਕਰਨਗੇ।



ਬੰਦੀ ਛੋੜ ਦਿਵਸ ਨੂੰ ਸਮਰਪਿਤ ਭਾਈ ਗੁਲਜ਼ਾਰ ਸਿੰਘ ਬਾਜਵਾ ਦੇ ਪਰਿਵਾਰ ਵਲੋਂ ਨਾਮ ਸਿਮਰਨ ਕੇਂਦਰ ਬਟਾਲਾ ਵਿਖੇ ਕਰਵਾਏ ਸਮਾਗਮ ਦੌਰਾਨ ਗੁਰਦੁਆਰਾ ਸ੍ਰੀ ਕੰਧ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਪ੍ਰੀਤ ਸਿੰਘ ਰਿਆੜ ਦੇ ਜਥੇ ਨੂੰ ਸਨਮਾਨਿਤ ਕਰਦੇ ਗਿਆਨੀ ਭੁਪਿੰਦਰ ਸਿੰਘ ਤੇ ਹੋਰ ਪ੍ਰਬੰਧਕ। ਤਸਵੀਰ : ਜਤਿੰਦਰ ਕੱਦ

